## ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ

### ਸਾਰਗ ਮਹਲਾ ੪ ॥

### ਜਪਿ ਮਨ ਮਾਧੋ ਮਧੁਸੂਦਨੋ ਹਰਿ ਸ੍ਰੀਰੰਗੋ ਪਰਮੇਸਰੋ ਸਤਿ ਪਰਮੇਸਰੋ ਪ੍ਰਭੁ ਅੰਤਰਜਾਮੀ॥

### ਸਭ ਦੂਖਨ ਕੋ ਹੰਤਾ ਸਭ ਸੂਖਨ ਕੋ ਦਾਤਾ ਹਰਿ ਪ੍ਰੀਤਮ ਗੁਨ ਗਾਉ ॥੧॥ਰਹਾਉ॥

ਇਹ ਸ਼ਬਦ ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਸਾਰੰਗ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ। ਇਸ ਰਾਗ ਦੇ ਦੋ ਰੂਪ 'ਸਾਰੰਗ' ਅਤੇ 'ਸਾਰਗ' ਵਰਤੇ ਗਏ ਹਨ ਪਰ ਦੋਹਾਂ ਵਿਚ ਕੋਈ ਫ਼ਰਕ ਨਹੀਂ ਹੈ। ਇਹ ਸ਼ਬਦ ੧੨੦੧ ਅੰਕ ਤੇ ਸੁਭਾਇਮਾਨ ਹੈ। ਇਸ ਸ਼ਬਦ ਵਿਚ ਅਕਾਲ ਪੁਰਖ ਦੇ ਕਈ ਨਾਂ ਵਰਤੇ ਗਏ ਹਨ ਜੋ ਉਸ ਦੇ ਸਿਫ਼ਾਤੀ ਨਾਂ ਹਨ, ਭਾਵ, ਜੋ ਉਸ ਦੇ ਗੁਣਾਂ ਤੇ ਅਧਾਰਤ ਹਨ। ਮਧੁ ਰਾਜੇ ਦੀ ਕੁਲ ਵਿਚ ਪ੍ਰਗਟ ਹੋਣ ਵਾਲੇ ਸ੍ਰੀ ਕ੍ਰਿਸ਼ਨ ਜੀ ਨੂੰ ਵੀ 'ਮਾਧੋ', 'ਮਾਧਵ' ਕਿਹਾ ਜਾਂਦਾ ਹੈ। ਮਧੁ ਦੈਂਤ ਨੂੰ ਮਾਰਣ ਕਰ ਕੇ ਸ੍ਰੀ ਕ੍ਰਿਸ਼ਨ ਜੀ ਨੂੰ 'ਮਧੁਸੂਦਨ' ਕਿਹਾ ਗਿਆ। ਸ੍ਰੀ ਕ੍ਰਿਸ਼ਨ ਜੀ ਦੇ **ਗੁਰ-ਜੋਤਿ** ਹੋਣ ਕਰ ਕੇ ਉਨ੍ਹਾਂ ਦੇ ਲਈ ਵਰਤੇ ਸਾਰੇ ਨਾਂ, ਗੁਰਬਾਣੀ ਵਿਚ ਅਕਾਲ ਪੁਰਖ ਲਈ ਵਰਤੇ ਗਏ ਹਨ। 'ਹਰਿ', 'ਸ੍ਰੀਰੰਗ' ਵੀ ਸ੍ਰੀ ਕ੍ਰਿਸ਼ਨ ਜੀ ਦੇ ਨਾਂ ਤੋਂ ਅਕਾਲ ਪੁਰਖ ਲਈ ਵਰਤੇ ਗਏ ਹਨ। ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਬਸੰਤ ਰਾਗ ਵਿਚ ਬਧਿਕ, ਕੁਬਿਜਾ, ਬਿਦਰ ਆਦਿ ਦਾ ਸ੍ਰੀ ਕ੍ਰਿਸ਼ਨ ਜੀ ਦੁਆਰਾ ਉਧਾਰ ਕਰਨ ਬਾਰੇ ਬਚਨ ਕੀਤੇ ਹਨ ਤੇ ਉਨ੍ਹਾਂ ਲਈ 'ਹਰਿ' ਸ਼ਬਦ ਦਾ ਪ੍ਰਯੋਗ ਕੀਤਾ ਹੈ ਅਤੇ ਨਾਲ ਹੀ ਪਰਮੇਸ਼ਰ ਦਾ ਨਾਮ ਜਪਣ ਦੀ ਪ੍ਰੇਰਣਾ ਵੀ ਕਰ ਦਿਤੀ, ਕਿਉਂਕਿ 'ਹਰਿ' ਸ਼ਬਦ ਸ੍ਰੀ ਕ੍ਰਿਸ਼ਨ ਜੀ ਅਤੇ ਅਕਾਲ ਪੁਰਖ ਦੋਹਾਂ ਲਈ ਵਰਤ ਲਿਆ - 'ਬਧਿਕੁ ਉਧਾਰਿਓ ਖਮਿ ਪ੍ਰਹਾਰ॥ ਕੁਬਿਜਾ ਉਧਰੀ ਅੰਗੁਸਟ ਧਾਰ॥ ਬਿਦਰੁ ਉਧਾਰਿਓ ਦਾਸਤ ਭਾਇ॥ ਰੇ ਮਨ ਤੂ ਭੀ ਹਰਿ ਧਿਆਇ॥', ਪੰਨਾ ੧੧੯੨. ਭਾਈ ਗੁਰਦਾਸ ਜੀ ਵੀ ਸੁਦਾਮੇ ਦਾ ਉਧਾਰ ਤੇ ਉਨ੍ਹਾਂ ਵਲੋਂ ਉਸ ਨੂੰ ਸਤਿਕਾਰ ਦੇਣ ਲਈ ਸ੍ਰੀ ਕ੍ਰਿਸ਼ਨ ਜੀ ਲਈ 'ਹਰਿ ਜੀ' ਸ਼ਬਦ ਦੀ ਵਰਤੋਂ ਕਰਦੇ ਹਨ - 'ਬਿਪ ਸੁਦਾਮਾ ਦਾਲਿਦੀ ਬਾਲ ਸਖਾਈ ਮਿਤ੍ਰ ਸਦਾਏ॥...ਦੂਰਹੁੰ ਦੇਖਿ ਡੰਡਉਤ ਕਰਿ ਛਡਿ ਸਿੰਘਾਸਣੁ ਹਰਿ ਜੀ ਆਏ॥', ਵਾਰ ੧੦:੯. ਗੁਰਬਾਣੀ ਵਿਚ ਗੁਰੂ ਸਾਹਿਬਾਨ ਨੂੰ 'ਨਾਰਾਇਣ' ਜਾਂ 'ਪਰਤਖੵ ਹਰਿ' ਕਿਹਾ ਗਿਆ ਹੈ। ਇਨ੍ਹਾਂ ਸ਼ਬਦਾਂ/ਪੰਕਤੀਆਂ ਦਾ ਭਾਵ ਇਹ ਬਿਲਕੁਲ ਨਹੀਂ ਕਿ ਸਿਖੀ ਨੂੰ ਸ੍ਰੀ ਕ੍ਰਿਸ਼ਨ ਜੀ ਦਾ ਨਾਮ ਜਪਣ ਦਾ ਉਪਦੇਸ਼ ਹੈ। ਬਲਕਿ ਗੁਰਬਾਣੀ ਵਿਚ ਅਕਾਲ ਪੁਰਖ ਦੇ ਨਾਲ ਨਾਲ ਗੁਰੂ ਸਾਹਿਬਾਨ ਦਾ ਨਾਮ ਜਪਣ ਦਾ ਉਪਦੇਸ਼ ਬਹੁਤ ਸਪੱਸ਼ਟ ਮਿਲਦਾ ਹੈ, ਜਿਵੇਂ - 'ਜਪ੍ਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥', ਪੰਨਾ ੧੪੦੦. ਸਗੋਂ ਦਸਵੇਂ ਪਾਤਸ਼ਾਹ ਤਾਂ ਸਪੱਸ਼ਟ ਤੌਰ ਤੇ ਗੁਰੂ ਸਾਹਿਬਾਨ ਦੇ ਸਿਮਰਨ ਦੀ ਗਵਾਹੀ ਭਰਦੇ ਹਨ - 'ਸ੍ਰੀ ਹਰਿਕ੍ਰਿਸਨਿ ਧਿਆਈਐ ਜਿਸੁ ਡਿਠੇ ਸਭੁ ਦੁਖੁ ਜਾਇ॥ ਤੇਗ ਬਹਾਦੁਰ ਸਿਮਰੀਐ ਘਰਿ ਨੌ ਨਿਧ ਆਵੈ ਧਾਇ॥', ਸ੍ਰੀ ਦਸਮ ਗ੍ਰੰਥ ਸਾਹਿਬ। ਗੁਰਬਾਣੀ ਵਿਚ ਅਕਾਲ ਪੁਰਖ ਦੇ ਸਿਮਰਨ ਦੇ ਉਪਦੇਸ਼ ਦੀ ਭਰਮਾਰ ਹੈ, ਭਾਵੇਂ ਗੁਰੂ ਸਾਹਿਬਾਨ ਨੂੰ ਵੀ ਅਕਾਲ ਪੁਰਖ ਦਾ ਹੀ ਰੂਪ, ਜੋਤਿ ਮੰਨਿਆਂ ਗਿਆ ਹੈ।

-- ਹੇ ਮੇਰੇ ਮਨ ! ਉਸ 'ਮਾਧੋ', 'ਮਧੁਸੂਦਨ', 'ਹਰਿ', 'ਸ੍ਰੀ ਰੰਗ', 'ਸਤਿ', ਭਾਵ, ਸਦਾ ਥਿਰ ਹੋਂਦ ਰਖਣ ਵਾਲੇ ਪਰਮੇਸ਼ਰ ਦਾ ਜਾਪ ਕਰ ਜੋ ਸਭ ਦੇ ਦਿਲਾਂ ਦੀਆਂ ਜਾਣਨ ਵਾਲਾ ਹੈ। 'ਮਾਧੋ' ਅਤੇ 'ਸ੍ਰੀਰੰਗੋ' ਦਾ ਅਰਥ ਲਛਮੀ, ਭਾਵ, ਮਾਇਆ ਪਤੀ ਵੀ ਹੈ, ਉਹ ਮਾਇਆ ਜੋ ਸਭ ਨੂੰ ਮੋਹ-ਮਾਇਆ ਦੇ ਜਾਲ ਵਿਚ ਫ਼ਸਾ ਕੇ ਭਰਮਾਉਣ ਵਾਲੀ ਹੈ, ਜਿਸ ਦੇ ਅਸਰ ਕਰ ਕੇ ਮਨੁਖ ਆਪਣਾ ਮੂਲ ਭੁਲ ਬੈਠਦਾ ਹੈ। ਇਸੇ ਮਾਇਆ ਦੇ ਅਸਰ ਕਰ ਕੇ ਮਨੁਖ ਜੋਤਿ-ਸਰੂਪ ਹੋਣ ਦੇ ਬਾਵਜੂਦ ਆਪਣਾ ਆਪਾ ਨਹੀਂ ਪਛਾਣਦਾ। ਇਸੇ ਮਾਇਆ ਦੇ ਅਸਰ ਕਰ ਕੇ ਮਨੁਖ

ਮੋਹ ਆਦਿ ਦੇ ਵਿਚ ਫ਼ਸ ਕੇ ਇਸੇ ਮਾਇਆ ਦੇ ਜੰਜਾਲ ਵਿਚ ਫ਼ਸਿਆ ਹਰੀ ਪ੍ਰਭੂ ਨੂੰ ਵਿਸਾਰ ਬਹਿੰਦਾ ਹੈ ਜਿਵੇਂ ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਬਚਨ ਹਨ - 'ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥', ਪੰਨਾ ੯੨੧.

-- ਉਹ ਦਾਤਾ ਪ੍ਰਭੂ ਜੋ ਸਾਰੇ ਦੁਖਾਂ ਦਾ ਨਾਸ ਕਰਨ ਵਾਲਾ ਹੈ ਅਤੇ ਸਭ ਸੁਖਾਂ ਦੀਆਂ ਦਾਤਾਂ ਵੰਡਣ ਵਾਲਾ ਹੈ, ਉਸ ਪਿਆਰੇ ਪ੍ਰਭੂ ਦੇ ਗੁਣ ਗਾਇਨ ਕਰੀਏ, ਭਾਵ, ਸਿਮਰਨ ਕਰੀਏ।੧।ਰਹਾਉ।

ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਖਸਮ ਪ੍ਰਭੂ ਨੂੰ ਵਿਸਾਰ ਕੇ ਰਸਾਂ ਕਸਾਂ ਦੇ ਭੋਗਾਂ ਕਰ ਕੇ ਰੋਗ, ਦੁਖ ਪੈਦਾ ਹੁੰਦੇ ਹਨ - 'ਖਸਮੁ ਵਿਸਾਰਿ ਕੀਏ ਰਸ ਭੋਗ॥ ਤਾਂ ਤਨਿ ਉਠਿ ਖਲੋਏ ਰੋਗ॥', ਪੰਨਾ ੧੨੫੬ ਅਤੇ ਹੋਰ ਕੋਈ ਦਵਾ ਦਾਰੂ, ਕੋਈ ਜੰਤਰ ਮੰਤਰ ਕੰਮ ਨਹੀਂ ਕਰਦਾ ਸਿਰਫ਼ ਪ੍ਰਭੂ ਦਾ 'ਹਰਿ ਹਰਿ', ਭਾਵ, **ਵਾਹਗੁਰੂ ਵਾਹਗੁਰੂ ਵਾਹਗੁਰੂ...** ਦਾ ਸਿਮਰਨ ਹੀ ਸਭ ਪਾਪਾਂ ਦਾ ਨਾਸ ਕਰਨ ਵਾਲਾ ਹੈ - 'ਅਵਰੁ ਨ ਅਉਖਧੁ ਤੰਤ ਨ ਮੰਤਾ॥ ਹਰਿ ਹਰਿ ਸਿਮਰਣੁ ਕਿਲਵਿਖ ਹੰਤਾ॥', ਪੰਨਾ ੪੧੬. ਸ੍ਰੀ ਗੁਰੂ ਅਰਜਨ ਦੇਵ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਦੇ ਪੈਦਾ ਕੀਤੇ ਹੋਏ ਸਭ ਜੀਅ ਹਨ ਅਤੇ ਉਸੇ ਦੀ ਕਿਰਪਾ ਨਾਲ ਬੇਅੰਤ ਸੁਖ ਮਿਲਦੇ ਹਨ - 'ਜੇਤੇ ਜੀਅ ਤੇਤੇ ਸਭਿ ਤੇਰੇ॥ ਤੁਮਰੀ ਕ੍ਰਿਪਾ ਤੇ ਸੂਖ ਘਨੇਰੇ॥', ਪੰਨਾ ੧੯੩.

**ਹਰਿ ਘਟਿ ਘਟੇ ਘਟਿ ਬਸਤਾ ਹਰਿ ਜਲਿ ਥਲੇ ਹਰਿ ਬਸਤਾ**

**ਹਰਿ ਥਾਨ ਥਾਨੰਤਰਿ ਬਸਤਾ ਮੈ ਹਰਿ ਦੇਖਨ ਕੋ ਚਾਉ॥**

**ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ ਮੇਰਾ ਪ੍ਰੀਤਮ ਜਨੁ ਸੰਤੋ ਮੋਹਿ ਮਾਰਗੁ ਦਿਖਲਾਵੈ॥**

**ਤਿਸੁ ਜਨ ਕੇ ਹਉ ਮਲਿ ਮਲਿ ਧੋਵਾ ਪਾਉ॥੧॥**

-- ਹਰੀ ਪ੍ਰਭੂ ਹਰ ਪਿੰਡ, body ਵਿਚ ਵਸਦਾ ਹੈ। ਹਰ ਜਲ, ਥਲ ਤੇ/ਵਿਚ ਵਸਦਾ ਹੈ। ਹਰੇਕ ਥਾਂ ਦੇ ਅੰਦਰ ਵੀ ਵਸਦਾ ਹੈ ਅਤੇ ਮੈਨੂੰ ਉਸ ਪ੍ਰਭੂ ਦੇ ਦਰਸ਼ਨਾਂ ਦਾ ਚਾਅ ਹੈ।

ਪਿੰਡ ਦਾ ਅਰਥ ਸਾਰੀਆਂ bodies, ਉਹ ਭਾਵੇਂ ਜੀਵਾਂ ਦੀਆਂ ਹੋਣ ਜਾਂ ਸਾਰੀ ਕਾਇਨਾਤ ਦੇ ਸਾਰੇ ਗ੍ਰਹਿ, ਸੂਰਜ, ਸੌਰ ਮੰਡਲ, ਤਾਰਾ ਮੰਡਲ Galaxies, Super galaxies, Black Holes ਜਾਂ ਹੋਰ ਜੋ ਪਤਾ ਹਨ ਜਾਂ ਜੋ ਨਹੀਂ ਪਤਾ ਉਹ ਵੀ, ਆਦਿ। **ਆਦਿ ਗੁਰੂ** ਸ੍ਰੀ ਗੁਰੂ ਨਾਨਕ ਸਾਹਿਬ ਦਾ ਫ਼ੁਰਮਾਣ ਹੈ ਕਿ ਪ੍ਰਭੂ ਦਾ **ਪ੍ਰਕਾਸ਼**, ਭਾਵ, ਹੋਂਦ ਤੇ ਕੰਟਰੋਲ ਹਰ ਥਾਂ ਤੇ ਹੈ, ਇਸ 'ਊਰਮ', ਭਾਵ, ਇਸ ਧਰਤੀ ਤੇ ਵੀ ਅਤੇ 'ਧੂਰਮ' ਧੁੰਧਲਕਾ, ਭਾਵ, ਸਾਰੀ ਕਾਇਨਾਤ, cosmos ਵਿਚ ਵੀ। ਧਰਤੀ, ਅਕਾਸ਼ ਤੇ ਪਤਾਲ, ਤਿਨਾਂ ਲੋਕਾਂ ਵਿਚ ਉਹ ਗੁਰੂ ਗੋਪਾਲ, ਉਹ ਪ੍ਰਭੂ/ਗੁਰੂ ਵਸਦਾ ਹੈ, ਸਮਾਇਆ ਹੋਇਆ ਹੈ, Immanent ਹੈ - 'ਊਰਮ ਧੂਰਮ ਜੋਤਿ ਉਜਾਲਾ॥ ਤੀਨਿ ਭਵਣ ਮਹਿ ਗੁਰ ਗੋਪਾਲਾ॥', ਪੰਨਾ ੯੩੦. ਪੰਚਮ ਪਾਤਸ਼ਾਹ ਦੇ ਬਚਨ ਹਨ ਕਿ ਉਹ ਹਰ ਥਾਂ ਤੇ ਅਤੇ ਹਰ ਥਾਂ ਦੇ ਅੰਦਰ ਪੂਰਨ ਤੌਰ ਤੇ ਸਮਾਇਆ ਹੋਇਆ ਹੈ - 'ਥਾਨ ਥਨੰਤਰਿ ਰਵਿ ਰਹਿਆ ਪ੍ਰਭੁ ਮੇਰਾ ਭਰਪੂਰਿ॥', ਪੰਨਾ ੪੮. ਹੋਰ ਬਚਨ ਕਰਦੇ ਹਨ ਕਿ ਉਹ ਪ੍ਰਭੂ ਜਲ ਵਿਚ ਵੀ, ਜ਼ਮੀਨ ਤੇ ਵੀ ਤੇ ਅਕਾਸ਼, ਪੁਲਾੜ, ਸਾਰੀ space ਵਿਚ ਵੀ ਭਰਪੂਰ ਹੈ, ਪੂਰਨ ਤੌਰ ਤੇ ਸਮਾਇਆ ਹੋਇਆ ਹੈ। ਉਹ ਹਰ ਇਕ ਦੇ ਨੇੜੇ ਹੈ, ਦੂਰ ਨਹੀਂ - 'ਜਲਿ ਥਲਿ ਮਹੀਅਲਿ ਰਹਿਆ ਭਰਪੂਰੇ॥ ਨਿਕਟਿ ਵਸੈ ਨਾਹੀ ਪ੍ਰਭੁ ਦੂਰੇ॥', ਪੰਨਾ ੫੬੩. ਭਗਤ ਨਾਮਦੇਵ ਜੀ ਨੇ ਵੀ ਬਚਨ ਕੀਤੇ ਹਨ ਕਿ ਉਹ ਬੀਠਲ ਭਗਵਾਨ ਸਭ ਪਾਸੇ ਹੈ, ਇਥੇ ਵੀ ਉਥੇ ਵੀ। ਕੋਈ ਥਾਂ ਬੀਠਲ ਵਾਹਿਗੁਰੂ ਤੋਂ ਖਾਲੀ ਨਹੀਂ, ਭਗਤ ਨਾਮਦੇਵ ਜੀ ਉਸ ਨੂੰ ਨਮਸਕਾਰ ਕਰਦੇ ਹਨ - 'ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ॥ ਥਾਨ

ਥਨੰਤਰਿ **ਨਾਮਾ** ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ॥', ਪੰਨਾ ੪੮੫.

-- ਕੋਈ ਸੰਤ ਜਨ, ਹਰੀ ਪ੍ਰਭੂ ਦਾ ਸੰਤ ਭਗਤ ਜਨ, ਹੇ ਸੰਤੋ ! ਕੋਈ ਮੇਰਾ ਪਿਆਰਾ ਭਗਤ ਜਨ ਮੈਨੂੰ ਪ੍ਰਭੂ ਨੂੰ ਮਿਲਣ ਦਾ ਰਾਹ ਮਾਰਗ ਦਿਖਾ ਦਏ। ਅਜਿਹੇ ਭਗਤ ਜਨ ਦੇ ਮੈਂ ਮਲ ਮਲ ਕੇ ਚਰਨ ਧੋਵਾਂ, ਸਾਫ਼ ਕਰਾਂ, ਭਾਵ, ਉਸ ਦੇ ਵਾਰਨੇ ਵਾਰਨੇ ਜਾਵਾਂ।੧।

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਬਚਨ ਹਨ ਕਿ ਉਹ ਹਰੀ ਪ੍ਰਭੂ ਦਾ ਜਨ ਜੋ ਪ੍ਰਭੂ ਨਾਲ ਮੇਲ ਕਰਨ ਦਾ ਰਾਹ ਦਿਖਾਏ, ਜੋ ਨਾਮ ਜਪਾਏ, ਜੋ ਉਸ ਨਾਲ ਮੇਲ ਮਿਲਾਪ ਕਰਾ ਦਏ ਉਸ ਦੀ **ਵਾਹ ਵਾਹ...**, ਭਾਵ, ਵਾਹਗੁਰੂ ਵਾਹਗੁਰੂ ਵਾਹਗੁਰੂ... ਕਹਿ ਕੇ ਸਿਫ਼ਤ ਸਲਾਹ, ਉਪਮਾ ਕਰੀਏ। ਚੇਤੇ ਰਹੇ ਕਿ 'ਸਬਦੁ ਸੁਣਾਵੈ' ਦਾ ਅਰਥ ਗੁਰਮੰਤਰ ਦਾ ਜਾਪ, ਭਾਵ, ਸਿਮਰਨ ਕਰਾਉਣਾ ਹੈ - 'ਤਿਸ ਕਉ ਵਾਹੁ ਵਾਹੁ ਜਿ ਵਾਟ ਦਿਖਾਵੈ॥ ਤਿਸ ਕਉ ਵਾਹੁ ਵਾਹੁ ਜਿ ਸਬਦੁ ਸੁਣਾਵੈ॥ ਤਿਸ ਕਉ ਵਾਹੁ ਵਾਹੁ ਜਿ ਮੇਲਿ ਮਿਲਾਵੈ॥', ਪੰਨਾ ੨੨੬. ਚੌਥੇ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਜਿਸ ਹਰੀ ਪ੍ਰਭੂ ਦੇ ਜਨ, ਭਗਤ, ਮਹਾਪੁਰਖ ਦੇ ਮਿਲਾਪ, ਸੰਗਤਿ ਸਦਕਾ ਵਾਹਗੁਰੂ ਦੇ ਨਾਮ ਦਾ ਰਸ ਪੀਤਾ ਜਾਏ, ਅਜਿਹੇ ਭਗਤ ਜਨ ਦੇ ਚਰਨ ਮਲ ਮਲ ਕੇ ਧੋਣੇ ਬਣਦੇ ਹਨ - 'ਪਾਵ ਮਲੋਵਾ ਮਲਿ ਮਲਿ ਧੋਵਾ ਮਿਲਿ ਹਰਿ ਜਨ ਹਰਿ ਰਸੁ ਪੀਚੈ ਜੀਉ॥', ਪੰਨਾ ੯੬. ਸ੍ਰੀ ਗੁਰੂ ਅਰਜਨ ਦੇਵ ਸਾਹਿਬ ਬਚਨ ਕਰਦੇ ਹਨ ਕਿ ਜੋ ਮੈਨੂੰ ਉਸ ਪ੍ਰਭੂ ਨਾਲ ਜੋੜਦਾ ਹੈ ਮੈਂ ਉਸ ਨੂੰ ਆਪਣਾ ਮਨ ਦੇ ਦਿਆਂ ਤੇ ਉਸ ਦੇ ਚਰਨ ਮਲ ਮਲ ਕੇ ਧੋਵਾਂ - 'ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ ਤੈ ਕੂ ਦੇਸਾ॥ ਸੁਣਿ ਮੀਤਾ ਹਉ ਤੇਰੀ ਸਰਣਾਈ ਆਇਆ ਪ੍ਰਭ ਮਿਲਉ ਦੇਹੁ ਉਪਦੇਸਾ॥', ਪੰਨਾ ੬੧੨. ਹੋਰ ਫ਼ੁਰਮਾਣ ਕਰਦੇ ਹਨ ਕਿ ਵਾਹਗੁਰੂ ਦੇ ਭਗਤ ਜਨ ਜਨਮ ਮਰਣ ਦੇ ਗੇੜ ਵਿਚ ਨਹੀਂ ਹੁੰਦੇ ਤੇ ਪਰਉਪਕਾਰੀ ਹੁੰਦੇ ਹਨ, ਕਿਉਂਕਿ ਉਹ ਨਾਮ ਦਾਨ ਦੇ ਕੇ ਵਾਹਿਗੁਰੂ ਦੀ ਭਗਤੀ ਤੇ ਲਗਾ ਕੇ ਪ੍ਰਭੂ ਨਾਲ ਜੋੜ ਦਿੰਦੇ ਹਨ। ਅਜਿਹੇ ਭਗਤ ਜਨਾ ਦੇ ਦਰਸ਼ਨਾਂ ਲਈ ਪ੍ਰਭੂ ਕੋਲ ਬੇਨਤੀ ਹੈ ਅਤੇ ਮੈਂ ਉਨ੍ਹਾਂ ਦੀ ਹਰ ਤਰੀਕੇ ਨਾਲ ਸੇਵਾ ਕਰਾਂ, ਪੱਖਾ ਝਲਾਂ, ਪਾਣੀ ਢੋਵਾਂ, ਤੇ ਉਨ੍ਹਾਂ ਲਈ ਚੱਕੀ ਵਿਚ ਦਾਣੇ ਪੀਸਾਂ - 'ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥ ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥...ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ॥ ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ॥', ਪੰਨਾ ੭੪੯. ਉਨ੍ਹਾਂ ਸਮਿਆਂ ਵਿਚ ਪੱਖਾ ਝਲਣ, ਪਾਣੀ ਢੋਣ ਅਤੇ ਚੱਕੀ ਪੀਸਣ ਦੀਆਂ ਮੁਖ ਸੇਵਾਵਾਂ ਹੁੰਦੀਆਂ ਸਨ। ਹੁਣ ਸੇਵਾਵਾਂ ਦੇ ਢੰਗ ਬਦਲ ਗਏ ਹਨ ਪਰ ਜਿਨ੍ਹਾਂ ਨੇ ਸੇਵਾ ਕਰਨੀ ਹੋਵੇ ਉਹ ਸੇਵਾ ਦੇ ਢੰਗ ਲਭ ਲੈਂਦੇ ਹਨ।

**ਹਰਿ ਜਨ ਕਉ ਹਰਿ ਮਿਲਿਆ ਹਰਿ ਸਰਧਾ ਤੇ ਮਿਲਿਆ ਗੁਰਮੁਖਿ ਹਰਿ ਮਿਲਿਆ॥**

**ਮੇਰੈ ਮਨਿ ਤਨਿ ਆਨੰਦ ਭਏ ਮੈ ਦੇਖਿਆ ਹਰਿ ਰਾਉ॥**

**ਜਨ ਨਾਨਕ ਕਉ ਕਿਰਪਾ ਭਈ ਹਰਿ ਕੀ ਕਿਰਪਾ ਭਈ ਜਗਦੀਸੁਰ ਕਿਰਪਾ ਭਈ॥**

**ਮੈ ਅਨਦਿਨੋ ਸਦ ਸਦ ਸਦਾ ਹਰਿ ਜਪਿਆ ਹਰਿ ਨਾਉ॥੨॥੩॥੧੦॥**

-- ਪ੍ਰਭੂ ਪਰਮਾਤਮਾ ਆਪਣੇ ਜਨ, ਭਗਤ, ਸਾਧੂ ਨੂੰ ਉਸ ਦੇ ਸ਼ਰਧਾ ਭਾਵ ਕਰ ਕੇ ਮਿਲ ਪੈਂਦਾ ਹੈ, ਭਾਵੇਂ, ਮਿਲਦਾ ਗੁਰੂ ਅਨੁਸਾਰੀ ਹੋਣ ਤੇ ਹੈ।

ਗੁਰੂ ਸਾਹਿਬ ਫ਼ੁਰਮਾਣ ਕਰਦੇ ਹਨ ਉਸ ਦੇ ਦਰਸ਼ਨ ਮਾਤਰ ਨਾਲ ਮੇਰੇ ਮਨ ਤਨ ਵਿਚ ਅਸੀਮ ਖੁਸ਼ੀ ਖੇੜਾ ਸਮਾ ਗਏ ਹਨ।

ਪ੍ਰਭੂ ਦੇ ਜਨ ਚੌਥੇ ਨਾਨਕ ਤੇ ਕਿਰਪਾ ਹੋਈ, ਹਰੀ ਪ੍ਰਭੂ ਜਗਤ ਦੇ ਸੁਆਮੀ ਦੀ ਕਿਰਪਾ ਹੋਈ।

ਨਤੀਜਾ ਇਹ ਹੋਇਆ ਹੈ ਕਿ ਦਿਨੇ ਰਾਤੀਂ ਸਦਾ ਲਈ ਹਰੀ ਪ੍ਰਭੂ ਦਾ ਨਾਮ, ਸਿਮਰਨ ਚਲ ਪਿਆ ਹੈ।੨।੩।੧੦।

ਸ੍ਰੀ ਗੁਰੂ ਨਾਨਕ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਉਹ ਪ੍ਰਭੂ ਸਾਡਾ ਅਜਿਹਾ ਸਖਾ ਮਿਤਰ ਮਦਦਗਾਰ ਹੈ ਕਿ ਹਰੀ ਰੂਪ ਗੁਰੂ ਦੇ ਮਿਲਿਆਂ ਸਾਡੇ ਅੰਦਰ ਆਪਣੀ ਭਗਤੀ, ਆਪਣਾ ਸਿਮਰਨ ਦ੍ਰਿੜ ਕਰ ਦਿਤਾ ਹੈ - 'ਐਸਾ ਹਮਰਾ ਸਖਾ ਸਹਾਈ॥ ਗੁਰ ਹਰਿ ਮਿਲਿਆ ਭਗਤਿ ਦ੍ਰਿੜਾਈ॥', ਪੰਨਾ ੩੫੬. ਸ੍ਰੀ ਗੁਰੂ ਰਾਮਦਾਸ ਸਾਹਿਬ ਨੇ ਬਚਨ ਕੀਤੇ ਹਨ ਕਿ ਹਰੀ ਪ੍ਰਭੂ ਨੇ ਆਪਣੀ ਕਿਰਪਾ ਕੀਤੀ ਹੈ ਉਹ ਆਪ ਮੇਰੇ ਹਿਰਦੇ ਗ੍ਰਿਹ ਵੀ ਆ ਵਸੇ ਹਨ, ਮੇਰੇ ਗੁਰੂ ਹਰੀ ਨੇ ਪ੍ਰਭੂ ਦਾ ਮਿਲਾਪ ਕਰਾਉਣ ਲਈ ਵਿਚੋਲਗੀ ਕੀਤੀ ਹੈ, ਜਿਸ ਨਾਲ ਮੈਂ ਹਰੀ ਪ੍ਰਭੂ ਦੇ ਦਰਸ਼ਨ ਕਰ ਲਏ ਹਨ ਜਿਸ ਨਾਲ ਮੈਂ ਨਿਹਾਲ ਹੋ ਗਈ ਹਾਂ, ਨਿਹਾਲ ਹੋ ਗਈ ਹਾਂ, ਨਿਹਾਲ ਹੋ ਗਈ ਹਾਂ, ਨਿਹਾਲ ਹੋ ਗਈ ਹਾਂ, ਭਾਵ, ਇਤਨੀ ਅਨੰਦਤ ਹੋ ਗਈ ਹਾਂ ਕਿ ਇਹ ਅਨੰਦ ਬਿਆਨ ਕਰਨ ਦੀ ਹਦ ਤੋਂ ਬਾਹਰ ਹੈ - 'ਹਰਿ ਆਪਨੀ ਕ੍ਰਿਪਾ ਕਰੀ ਆਪਿ ਗ੍ਰਿਹਿ ਆਇਓ ਹਮ ਹਰਿ ਕੀ ਗੁਰ ਕੀਈ ਹੈ ਬਸੀਠੀ ਹਮ ਹਰਿ ਦੇਖੇ ਭਈ ਨਿਹਾਲ ਨਿਹਾਲ ਨਿਹਾਲ ਨਿਹਾਲ॥', ਪੰਨਾ ੯੭੭. ਸ੍ਰੀ ਗੁਰੂ ਅਰਜਨ ਦੇਵ ਸਾਹਿਬ ਇਸ ਅਵੱਸਥਾ ਦਾ ਬਿਆਨ ਕਰਦੇ ਹਨ ਕਿ ਮੇਰੇ ਮਨ ਵਿਚ ਅਸੀਮ ਅਨੰਦ ਦੀ ਅਵੱਸਥਾ ਬਣ ਗਈ ਹੈ ਜੋ ਵਧਾਈਆਂ ਦੇ ਯੋਗ ਹੈ। ਮੇਰੇ ਹਿਰਦੇ ਗ੍ਰਿਹ ਵਿਖੇ ਅਮੋਲਕ ਪਿਆਰਾ ਪ੍ਰੀਤਮ ਆ ਗਿਆ ਹੈ ਜਿਸ ਨਾਲ ਮੇਰੀਆਂ ਸਭ ਤ੍ਰਿਸ਼ਨਾਵਾਂ ਬੁਝ ਗਈਆਂ ਹਨ। ਉਸ ਗੋਪਾਲ ਠਾਕੁਰ ਦਾ ਮੇਲ ਹੋਣ ਨਾਲ, ਹੇ ਸਖੀ ! ਮੇਰਾ ਹਿਰਦਾ ਮੰਗਲ ਗਾ ਰਿਹਾ ਹੈ। ਉਹ ਅਨਹਤ ਵਾਜੇ, Unstruck Melody, ਵਾਹਗੁਰੂ ਦੇ ਅਸਲ ਨਾਮ ਦੀ ਧੁਨੀ ਜੋ ਸਾਰੀ ਕਾਇਨਾਤ ਵਿਚ ਬਿਨਾਂ ਵਜਾਇਆ ਵਜ ਰਹੀ ਹੈ, ਨੂੰ ਮੇਰੇ ਹਿਰਦੇ ਵਿਚ ਸੁਤੇ ਸਿਧ ਹੀ ਚਲਾ ਦਿਤਾ ਹੈ ਜਿਸ ਨਾਲ ਮੇਰਾ ਉਸ ਪਿਆਰੇ ਪ੍ਰਭੂ ਪਤੀ ਨਾਲ ਪੂਰਨ ਮਿਲਾਪ ਹੋ ਗਿਆ ਹੈ - 'ਮੇਰੈ ਮਨਿ ਅਨਦੁ ਭਇਆ ਜੀਉ ਵਜੀ ਵਾਧਾਈ॥ ਘਰਿ ਲਾਲੁ ਆਇਆ ਪਿਆਰਾ ਸਭ ਤਿਖਾ ਬੁਝਾਈ॥ ਮਿਲਿਆ ਤ ਲਾਲੁ ਗੁਪਾਲੁ ਠਾਕੁਰੁ ਸਖੀ ਮੰਗਲੁ ਗਾਇਆ॥..ਅਨਹਤ ਵਾਜੇ ਵਜਹਿ ਘਰ ਮਹਿ ਪਿਰ ਸੰਗਿ ਸੇਜ ਵਿਛਾਈ॥', ਪੰਨਾ ੨੪੭. ਹੋਰ ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਨੇ ਆਪਣੇ ਭਗਤਾਂ ਦੀ ਇਜ਼ਤ ਰਖ ਲਈ ਹੈ ਕਿ ਉਸ ਨੇ 'ਹਰਿ ਹਰਿ', ਭਾਵ, **ਵਾਹਿਗੁਰੂ ਵਾਹਿਗੁਰੂ ਵਾਹਿਗੁਰੂ...** ਸਿਮਰਨ ਰੂਪੀ ਕੀਰਤਨ, ਜਸ ਮੈਨੂੰ ਬਖ਼ਸ਼ ਦਿਤਾ ਹੈ - '**ਹਰਿ ਹਰਿ ਨਾਮੁ** ਦੀਓ ਕੀਰਤਨ ਕਉ ਭਈ ਹਮਾਰੀ ਗਾਤਿ॥.. ਅੰਗੀਕਾਰੁ ਕੀਓ ਪ੍ਰਭਿ ਅਪੁਨੈ ਭਗਤਨ ਕੀ ਰਾਖੀ ਪਾਤਿ॥', ਪੰਨਾ ੬੮੧ ਅਤੇ ਮੇਰੇ ਭਾਗ ਖੁਲ ਗਏ ਹਨ ਕਿ ਉਸ ਮਾਲਕ ਪ੍ਰਭੂ ਨੇ 'ਹਰਿ ਹਰਿ', ਭਾਵ, **ਵਾਹਿਗੁਰੂ ਵਾਹਿਗੁਰੂ ਵਾਹਿਗੁਰੂ...** ਸਿਮਰਨ ਰੂਪੀ ਕੀਰਤਨ, ਜਸ ਮੈਨੂੰ ਬਖ਼ਸ਼ ਦਿਤਾ ਹੈ - 'ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ **ਹਰਿ ਹਰਿ** ਗਾਈ॥', ਪੰਨਾ ੧੦੦੦.